aglasem.com

FOR PUNJAB CLASS 9 PREPARATION

PSEB 9th Class Syllabus 2027 Agriculture

EXAM	YEAR	TYPE	SUBJECT
Punjab Class 9	2027	Syllabus	Agriculture

ਅਕਾਦਮਿਕ ਸਾਲ : 2026-2027

ਸ਼੍ਰੇਣੀ : ਨੌਵੀਂ

ਵਿਸ਼ਾ : ਖੇਤੀਬਾੜੀ

ਪਾਠਕ੍ਰਮ : ਲਿਖਤੀ

1. **ਸਾਉਣੀ ਦੀਆਂ ਫ਼ਸਲਾਂ :** ਸਾਉਣੀ ਦੀਆਂ ਫ਼ਸਲਾਂ : ਝੋਨਾ, ਮੱਕੀ, ਮੂੰਗੀ, ਮਾਂਹ, ਸੋਇਆਬੀਨ, ਮੂੰਗਫਲੀ, ਕਪਾਹ, ਕਮਾਦ, ਜੁਆਰ, ਬਾਜਰਾ ਆਦਿ ਦੀ ਕਾਸ਼ਤ ।
2. **ਸਾਉਣੀ ਦੀਆਂ ਸਬਜ਼ੀਆਂ :** ਸਬਜ਼ੀਆਂ ਦੀ ਮਹੱਤਤਾ, ਸਾਉਣੀ ਦੀਆਂ ਸਬਜ਼ੀਆਂ : ਮਿਰਚ, ਟਮਾਟਰ, ਬੈਂਗਣ, ਭਿੰਡੀ, ਕੱਦੂ ਜਾਤੀ ਦੀਆਂ ਸਬਜ਼ੀਆਂ - ਚੱਪਣ ਕੱਦੂ, ਘੀਆ ਕੱਦੂ, ਕਰੇਲਾ, ਘੀਆ ਤੋਰੀ, ਪੇਠਾ, ਖੀਰਾ, ਤਰ, ਟੀਂਡਾ, ਖਰਬੂਜਾ ਦੀ ਕਾਸ਼ਤ ਕਰਨਾ ।
3. **ਫੁੱਲਾਂ ਦੀ ਕਾਸ਼ਤ :** ਮਨੁੱਖੀ ਜੀਵਨ ਵਿੱਚ ਫੁੱਲਾਂ ਦਾ ਮਹੱਤਵ । ਡੰਡੀ ਵਾਲੇ ਫੁੱਲਾਂ - ਗਲੈਡਿਓਲਸ, ਗੁਲਦਾਉਦੀ, ਜ਼ਰਬਰਾ ਅਤੇ ਗੁਲਾਬ ਆਦਿ ਦੀ ਕਾਸ਼ਤ । ਡੰਡੀ ਰਹਿਤ ਫੁੱਲਾਂ - ਗੇਂਦਾ, ਰਜਨੀਗੰਧਾ ਅਤੇ ਮੋਤੀਆ ਆਦਿ ਦੀ ਕਾਸ਼ਤ ।
4. **ਖੇਤੀ ਉਤਪਾਦਾਂ ਦਾ ਮੰਡੀਕਰਨ :** ਸੁਚੱਜੇ ਮੰਡੀਕਰਨ ਦਾ ਮਹੱਤਵ । ਖੇਤੀ ਜਿਣਸਾਂ ਦੇ ਮੰਡੀਕਰਨ ਸਮੇਂ ਧਿਆਨ ਰੱਖਣ ਯੋਗ ਨੁਕਤੇ ਆਦਿ ।
5. **ਬੀਜ, ਖਾਦ ਅਤੇ ਕੀੜੇਮਾਰ ਜ਼ਹਿਰਾਂ ਦਾ ਕੁਆਲਟੀ ਕੰਟਰੋਲ :** ਸੀਡ ਕੰਟਰੋਲ ਆਰਡਰ ਦੀਆਂ ਧਾਰਾਵਾਂ, ਬੀਜ ਇੰਸਪੈਕਟਰ ਦੇ ਅਧਿਕਾਰ, ਕਿਸਾਨਾਂ ਦੇ ਹੱਕ, ਬੀਜਾਂ ਦੀ ਵਿਕਰੀ ਸਬੰਧੀ ਨੁਕਤੇ, ਬੀਜਾਂ ਦਾ ਪ੍ਰਮਾਣੀਕਰਨ । ਖਾਦ ਕੰਟਰੋਲ ਆਰਡਰ । ਕੀਟਨਾਸ਼ਕ ਐਕਟ । ਬੀਜ, ਖਾਦ ਅਤੇ ਕੀੜੇਮਾਰ ਜ਼ਹਿਰਾਂ ਦੀ ਪਰਖ ਲਈ ਪ੍ਰਯੋਗਸ਼ਾਲਾਵਾਂ ਆਦਿ ।
6. **ਪਸ਼ੂ ਪਾਲਣ :** ਪਸ਼ੂ ਪਾਲਣ ਦਾ ਮਹੱਤਵ, ਪੰਜਾਬ ਵਿੱਚ ਦੁੱਧ ਉਤਪਾਦਨ ਦੀ ਸਥਿਤੀ, ਲਵੇਰਿਆਂ ਦਾ ਨਸਲ ਸੁਧਾਰ, ਲਵੇਰਿਆਂ ਦੀ ਚੋਣ, ਗਊਆਂ (ਦੇਸੀ ਅਤੇ ਵਿਦੇਸ਼ੀ) ਅਤੇ ਮੱਝਾਂ ਦੀਆਂ ਨਸਲਾਂ, ਖ਼ੁਰਾਕ, ਵੰਡ, ਸ਼ੈੱਡ, ਸਾਂਭ-ਸੰਭਾਲ, ਸਾਫ਼ ਸੁਥਰਾ ਦੁੱਧ ਪੈਦਾ ਕਰਨਾ । ਰਾਸ਼ਨ ਖੁਆਉਣ ਲਈ ਜ਼ਰੂਰੀ ਨੁਕਤੇ, ਦੁੱਧ ਦੀ ਸੰਭਾਲ । ਵਾਧੂ ਚਾਰੇ ਤੋਂ ਹੇਅ ਅਤੇ ਅਚਾਰ (ਸਾਈਲੇਜ) ਬਣਾਉਣਾ ।
7. **ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਪਦਾਰਥ :** ਦੁੱਧ ਦੀ ਮਹੱਤਤਾ, ਮੰਡੀਕਰਨ, ਛੋਟੇ ਪੱਧਰ ਤੇ ਦੁੱਧ ਤੋਂ ਹੋਰ ਪਦਾਰਥ ਬਣਾਉਣਾ ਅਤੇ ਉਹਨਾਂ ਦਾ ਮੰਡੀਕਰਨ ਕਰਨਾ ।
8. **ਮੁਰਗੀ ਪਾਲਣ :** ਪੋਲਟਰੀ, ਮੁਰਗੀਆਂ ਦੀਆਂ ਨਸਲਾਂ, ਚੂਚਿਆਂ ਦੀ ਸੰਭਾਲ, ਮੁਰਗੀਆਂ ਦੀ ਖ਼ੁਰਾਕ, ਮੁਰਗੀ ਪਾਲਣ ਪ੍ਰਬੰਧ, ਮੁਰਗੀ ਪਾਲਣ ਸਬੰਧੀ ਸਿਖਲਾਈ ਅਤੇ ਕਰਜ਼ਾ ਸਹੂਲਤਾਂ ।
9. **ਸੂਰ, ਭੇਡਾਂ/ਬੱਕਰੀਆਂ ਅਤੇ ਖ਼ਰਗੋਸ਼ ਪਾਲਣ :** ਸੂਰ, ਭੇਡਾਂ, ਬੱਕਰੀਆਂ ਅਤੇ ਖਰਗੋਸ਼ਾਂ ਦੀਆਂ ਉੱਨਤ ਨਸਲਾਂ, ਖ਼ੁਰਾਕ ਅਤੇ ਵਾੜੇ/ਸ਼ੈੱਡ/ਪਿੰਜਰਿਆਂ ਆਦਿ ਸਬੰਧੀ ਜਾਣਕਾਰੀ ।
10. **ਮੱਛੀ ਪਾਲਣ :** ਮੱਛੀਆਂ ਦੀਆ ਦੇਸੀ ਅਤੇ ਵਿਦੇਸ਼ੀ ਕਿਸਮਾਂ, ਛੱਪੜ ਲਈ ਜਗ੍ਹਾ ਦੀ ਚੋਣ, ਛੱਪੜ ਦਾ ਡਿਜ਼ਾਈਨ ਅਤੇ ਪੁਟਾਈ । ਨਦੀਨਾਂ ਦਾ ਖ਼ਾਤਮਾ, ਖ਼ੁਰਾਕ ਆਦਿ ਸਬੰਧੀ ਜਾਣਕਾਰੀ ।
11. **ਕੁੱਝ ਨਵੇਂ ਖੇਤੀ ਵਿਸ਼ੇ :** ਜੀ. ਐੱਮ. ਫ਼ਸਲਾਂ, ਪੌਦ ਕਿਸਮ ਅਤੇ ਕਿਸਾਨ ਅਧਿਕਾਰ ਸੁਰੱਖਿਆ ਕਾਨੂੰਨ, ਸੂਖ਼ਮ ਖੇਤੀ, ਜਲਵਾਯੂ ਪਰਿਵਰਤਨ ਦੇ ਖੇਤੀਬਾੜੀ 'ਤੇ ਪ੍ਰਭਾਵ ਆਦਿ ।

****

AG - IX / 2026-27

ਪਾਠਕ੍ਰਮ : ਪ੍ਰਯੋਗੀ

1. ਖੇਤਾਂ ਵਿੱਚ ਜਾ ਕੇ ਸਾਉਣੀ ਦੀਆਂ ਵੱਖਵੱਖ ਫ਼ਸਲਾਂ ਦੀ ਕਾਸ਼ਤ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
2. ਸਕੂਲ ਜਾਂ ਘਰ ਵਿੱਚ ਪੋਸ਼ਟਿਕ ਸਬਜ਼ੀਆਂ ਦੀ ਬਗੀਚੀ ਤਿਆਰ ਕਰਨਾ ।
3. ਸਕੂਲ ਵਿੱਚ ਗਰਮੀਆਂ, ਬਰਸਾਤ ਅਤੇ ਸਰਦੀ ਰੁੱਤ ਦੇ ਫੁੱਲ ਉਗਾਉਣਾ ਅਤੇ ਉਹਨਾਂ ਦੀ ਸੰਭਾਲ ਕਰਨਾ।
4. ਅਨਾਜ ਮੰਡੀ ਵਿੱਚ ਜਾ ਕੇ ਜਿਣਸ ਦੇ ਸੁਚੱਜੇ ਮੰਡੀਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
5. ਬੀਜ, ਖਾਦਾਂ ਅਤੇ ਖੇਤੀ ਜ਼ਹਿਰਾਂ ਦੀ ਪਛਾਣ ਅਤੇ ਉਹਨਾਂ ਦੀ ਸਹੀ ਵਰਤੋਂ ਬਾਰੇ ਜਾਣਕਾਰੀ ਦੇਣਾ ।
6. ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਡੇਅਰੀ ਫਾਰਮ ਜਾਂ ਕਿਸੇ ਨੇੜੇ ਆਧੁਨਿਕ ਡੇਅਰੀ ਫਾਰਮ ਵਿੱਚ ਜਾ ਕੇ ਲਵੇਰਿਆਂ ਦੀਆਂ ਨਸਲਾਂ, ਖੁਰਾਕ, ਸਾਂਭ-ਸੰਭਾਲ ਅਤੇ ਬਿਮਾਰੀਆਂ ਤੋਂ ਬਚਾਓ ਆਦਿ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।
7. ਸਕੂਲ ਵਿੱਚ ਦੁੱਧ ਤੋਂ ਖੋਆ, ਪਨੀਰ, ਦਹੀਂ ਅਤੇ ਘਿਉ ਆਦਿ ਤਿਆਰ ਕਰਨਾ । ਕਿਸੇ ਨੇੜੇ ਮਿਲਕ ਪਲਾਂਟ ਵਿੱਚ ਜਾ ਕੇ ਮਿਲਕ ਪ੍ਰੋਸੈਸਿੰਗ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
8. ਕਿਸੇ ਮੁਰਗੀਖਾਨੇ ਵਿੱਚ ਜਾ ਕੇ ਮੁਰਗੀ ਪਾਲਣ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ । ਮੁਰਗੀਆਂ ਦੀ ਖ਼ੁਰਾਕ ਬਣਾਉਣ ਵਾਲੀ ਫੈਕਟਰੀ ਵਿੱਚ ਜਾ ਕੇ ਉਸ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਪਦਾਰਥਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
9. ਸੂਰ ਫਾਰਮ, ਭੇਡ/ਬੱਕਰੀ ਫਾਰਮ ਅਤੇ ਖ਼ਰਗੋਸ਼ ਫਾਰਮ ਵਿੱਚ ਜਾ ਕੇ ਉੱਨਤ ਨਸਲਾਂ, ਸਾਂਭ-ਸੰਭਾਲ ਅਤੇ ਬਿਮਾਰੀਆਂ ਤੋਂ ਬਚਾਓ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।
10. ਮੱਛੀ ਪਾਲਣ ਫਾਰਮ ਵਿਖੇ ਜਾ ਕੇ ਮੱਛੀਆਂ ਦੀਆਂ ਦੇਸੀ ਅਤੇ ਵਿਦੇਸ਼ੀ ਕਿਸਮਾਂ, ਬੱਚ, ਖ਼ੁਰਾਕ, ਛੱਪੜ ਅਤੇ ਕਰਜ਼ਾ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।

****

AG - IX / 2026-27